ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ,
(ਕੋਆਰਡੀਨੇਸ਼ਨ ਸ਼ਾਖਾ)

ਸੇਵਾ ਵਿਖੇ,

1. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ), ਪੰਜਾਬ

ਮੀਮੋ ਨੰ: 15/28-15 ਕੋ.ਸੈਲ (1)/65 ਮਿਤੀ: -25-02-2015

ਵਿਸ਼ਾ:- **JET/2015 ਦੀ ਪ੍ਰੀਖਿਆ ਦੇ ਸਬੰਧ ਵਿੱਚ ਦਿਸ਼ਾ ਨਿਰਦੇਸ਼।**

ਹਵਾਲਾ:- ਪੰਜਾਬ ਸਟੇਟ ਬੋਰਡ ਆਫ ਟੈਕਨੀਕਲ ਐਜੂਕੇਸ਼ਨ ਐਂਡ ਇੰਡਸਟ੍ਰੀਅਲ ਟ੍ਰੇਨਿੰਗ ਦਾ ਪੱਤਰ ਨੰ: ਪੀ.ਐਸ.ਬੀ.ਆਈ.ਟੀ/2015/279 ਮਿਤੀ 25-02-2015

ਉਪਰੋਕਤ ਵਿਸੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਪੰਜਾਬ ਸਟੇਟ ਬੋਰਡ ਆਫ ਟੈਕਨੀਕਲ ਐਜੂਕੇਸ਼ਨ ਐਂਡ ਇੰਡਸਟ੍ਰੀਅਲ ਟ੍ਰੇਨਿੰਗ, ਚੰਡੀਗੜ੍ਹ ਹਰ ਸਾਲ ਜੇ.ਈ.ਟੀ(JET) ਦੀ ਪ੍ਰੀਖਿਆ ਕਰਵਾਉਂਦਾ ਹੈ ਇਹ ਪ੍ਰੀਖਿਆ ਮਿਤੀ 19-04-2015 ਨੂੰ ਨਿਸ਼ਚਿਤ ਕੀਤੀ ਗਈ ਹੈ। ਜੇ.ਈ.ਟੀ(JET) ਵਿੱਚ ਦਸਵੀਂ ਦੇ ਵੱਧ ਤੋਂ ਵੱਧ ਸਿਖਿਆਰਥੀਆਂ ਨੂੰ ਪ੍ਰੀਖਿਆ ਦੇਣ ਲਈ ਪ੍ਰੇਰਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਬਾਰਵੀਂ ਦੇ ਸਿੱਖਿਆਰਥੀਆਂ ਨੂੰ ਡਿਪਲੋਮੇ ਦੇ ਦੂੱਜੇ ਸਾਲ ਵਿੱਚ ਦਾਖਲਾ ਦੇਣ ਲਈ ਵੀ ਪ੍ਰੇਰਿਤ ਕੀਤਾ ਗਿਆ ਹੈ।

ਇਹ ਵੀ ਦਸਣਯੋਗ ਹੈ ਕਿ ਰਾਜ ਵਿੱਚ 150 ਤੋਂ ਵੱਧ ਬਹੁ ਤਕਨੀਕੀ ਸੰਸਥਾਵਾਂ ਹਨ ਜਿਨ੍ਹਾਂ ਵਿੱਚ Engineering/Non-Engineering ਦੀਆਂ 33 ਟਰੇਡਾਂ ਚੱਲ ਰਹੀਆਂ ਹਨ ਇਹਨਾਂ ਸੰਸਥਾਵਾਂ ਵਿੱਚ ਸਿੱਖਿਆਰਥੀਆਂ ਲਈ ਲੱਗਭਗ 65,000 ਸੀਟਾਂ ਹੁੰਦੀਆਂ ਹਨ।

ਜੇ.ਈ.ਟੀ(JET) ਦੀ ਪ੍ਰੀਖਿਆ ਵਿੱਚ ਵੱਧ ਤੋਂ ਵੱਧ ਸਿੱਖਿਆਰਥੀ ਹਿੱਸਾ ਲੈ ਸਕਣ, ਇਸ ਲਈ ਵੱਖ-ਵੱਖ ਬਹੁਤਕਨੀਕੀ ਸੰਸਥਾਵਾਂ ਦੁਆਰਾ ਵਿਦਿਆਰਥੀਆਂ ਲਈ ਚੱਲਾਈਆਂ ਜਾ ਰਹੀਆਂ ਸਕੀਮਾਂ ਜਿਵੇਂ ਕਿ Fee Weaver, Full Fee Concession, S.C. ਸਿੱਖਿਆਰਥੀਆਂ ਲਈ Scholarship, Book Grant ਆਦਿ।

ਉਪਰੋਕਤ ਦੇ ਸਨਮੁੱਖ ਪ੍ਰਿੰਸੀਪਲਜ਼ ਅਤੇ ਮੁੱਖ ਅਧਿਆਪਕਾਂ ਨੂੰ ਹਦਾਇਤ ਕੀਤੀ ਜਾਵੇ ਕਿ ਇਸ ਸਬੰਧੀ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਜਾਵੇ ਅਤੇ ਬਹੁਤਕਨੀਕੀ ਕਾਲਜਾਂ ਦੇ ਪ੍ਰਿੰਸੀਪਲ/ਸਟਾਫ ਨੂੰ ਸਹਿਯੋਗ ਵੀ ਦਿੱਤਾ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ), ਪੰਜਾਬ

ਪਿੱਠ ਅੰਕਣ ਨੰ: ਉਕਤ ਮਿਤੀ: 25-2-2015

ਉਤਾਰਾ ਰਜਿਸਟਰਾਰ, ਪੰਜਾਬ ਸਟੇਟ ਬੋਰਡ ਆਫ ਟੈਕਨੀਕਲ ਐਜੂਕੇਸ਼ਨ ਐਂਡ ਇੰਡਸਟ੍ਰੀਅਲ ਟ੍ਰੇਨਿੰਗ, ਚੰਡੀਗੜ੍ਹ, ਪਲਾਟ ਨੰ:1-ਏ, ਸੈਕਟਰ 36-ਏ, ਚੰਡੀਗੜ੍ਹ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ), ਪੰਜਾਬ